ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ ਖੋਜਨਾਮਾ

ISSN: 2584-0509



# ਰਣਧੀਰ ਰਚਿਤ ਕਾਵਿ ਸੰਗ੍ਰਹਿ 'ਖ਼ਤ ...ਜੋ ਲਿਖਣੋਂ ਰਹਿ ਗਏ' ਵਿਚ ਮਨੁੱਖੀ ਪਛਾਣ ਦੀ ਦਵੰਦਾਤਮਕ ਸਥਿਤੀ



ਡਾ. ਸਿਮਰਨਜੀਤ ਸਿੰਘ
ਐਸੋਸੀਏਟ ਪ੍ਰੋਫ਼ੈਸਰ ਅਤੇ ਮੁਖੀ,
ਪੋਸਟ ਗ੍ਰੈਜੂਏਟ, ਪੰਜਾਬੀ ਵਿਭਾਗ,
ਇਟਰਨਲ ਯੂਨੀਵਰਸਿਟੀ, ਬੜੂ ਸਾਹਿਬ।
+91 78073-02105

ਵਿਸ਼ਵ ਪੱਧਰ 'ਤੇ ਜਿੱਥੇ ਕਵਿਤਾ ਸਾਹਿਤ ਦਾ ਪਲੇਠਾ ਰੂਪ ਹੈ ਉੱਥੇ ਇਹ ਮਨੁੱਖੀ ਭਾਵਾਂ ਦੀ ਸਹਿਜ ਬੋਲੀ ਹੈ ਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਆਪਣੀ ਗੱਲ ਕਹਿਣ ਲਈ ਕਵੀ ਨੂੰ ਖੁਦ-ਬ-ਖੁਦ ਚੁਣਦੀ ਹੈ। ਕਿਸੇ ਸਮੇਂ ਇਹ ਨਿਰੋਲ ਰੂਪ ਵਿਚ ਕਵੀ ਮਨ ਦੇ ਭਾਵਾਂ ਦਾ ਕਥਾਰਸਿਸ ਹੁੰਦੀ ਸੀ ਪਰ ਜਿਵੇਂ-ਜਿਵੇਂ ਬਦਲਦੀਆਂ ਪ੍ਰਸਿਥਿਆਂ ਦੇ ਅੰਤਰਗਤ ਸਾਹਿਤ ਵਿਚ ਕਲਾਤਮਕ ਜੁਗਤਾਂ ਅਤੇ ਨਵੀਆਂ ਤਕਨੀਕਾਂ ਦਾ ਬੋਲ-ਬਾਲਾ ਹੋਇਆ ਉਦੋਂ ਤੋਂ ਇਸ ਦੇ ਥੀਮਿਕ ਪਾਸਾਰਾਂ ਅਤੇ ਸਰੋਕਾਰਾਂ ਦਾ ਰਾਹ ਵੀ ਮੋਕਲਾ ਹੋਇਆ ਹੈ। ਇਹੀ ਨਹੀਂ ਪੰਜਾਬੀ ਕਵਿਤਾ ਦੇ ਸਮਕਾਲੀ ਦੌਰ ਵਿਚ ਨਵੇਂ ਪੋਚ ਦੇ ਕਾਲਜੀਏਟ ਪਾੜ੍ਹਿਆਂ ਦੇ ਆਉਣ ਸਦਕਾ ਪੰਜਾਬੀ ਕਵਿਤਾ ਦਾ ਮੁਹਾਂਦਰਾ ਫੋਕੇ ਰੁਮਾਂਸਵਾਦ ਦੀ ਥਾਂ ਸਮਕਾਲੀ ਪ੍ਰਸਿਥੀਆਂ ਦੇ ਰੂ-ਬ-ਰੂ ਹੁੰਦਾ ਹੈ ਜਿਸ ਵਿਚ ਰਣਧੀਰ ਆਪਣੇ ਪਲੇਠੇ ਕਾਵਿ-ਸੰਗ੍ਰਹਿ 'ਖ਼ਤ ... ਜੋ ਲਿਖਣੋਂ ਰਹਿ ਗਏ' ਵਿਚਲੀਆਂ ਕਵਿਤਾਵਾਂ ਦੇ ਅੰਤਰਗਤ ਸਮਕਾਲ ਅਤੇ ਭਵਿੱਖਮੁਖੀ ਚੁਣੌਤੀਆਂ ਸੰਗ ਸੰਵਾਦ ਰਚਾਉਂਦਾ ਦੇਖਿਆ ਜਾ ਸਕਦਾ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਉਸਨੂੰ ਉਸਦੇ ਇਸ ਪਲੇਠੇ ਕਾਵਿ ਸੰਗ੍ਰਹਿ ਉੱਪਰ ਚਰਨਾ ਵਿਚਾਰ ਮੰਚ ਨਾਭਾ, ਵੱਲੋਂ 'ਕੰਵਰ ਚੌਹਾਨ ਨਵ ਪ੍ਰਤਿਭਾ ਐਵਾਰਡ-2023, ਭਾਰਤੀ ਸਾਹਿਤ ਅਕਾਦਮੀ ਯੁਵਾ ਪੁਰਸਕਾਰ-2024 ਅਤੇ ਭਾਸ਼ਾ ਵਿਭਾਗ ਵੱਲੋਂ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਐਵਾਰਡ (ਕਵਿਤਾ)-2024 ਪ੍ਰਾਪਤ ਹੋ ਚੁੱਕੇ ਹਨ।

ਰਣਧੀਰ ਦੇ ਹੱਥਲੇ ਕਾਵਿ ਸੰਗ੍ਰਹਿ 'ਖ਼ਤ ... ਜੋ ਲਿਖਣੋਂ ਰਹਿ ਗਏ' ਵਿਚ ਕੁੱਲ 78 ਕਵਿਤਾਵਾਂ ਹਨ ਤੇ ਇਹ ਸਾਰੀਆਂ ਕਵਿਤਾਵਾਂ ਖੁੱਲ੍ਹੀ ਕਵਿਤਾ ਦੀ ਸ਼੍ਰੇਣੀ ਦੀਆਂ ਹਨ। ਇਸ ਪੁਸਤਕ ਦੇ ਸਿਰਲੇਖ ਨੂੰ ਜੇਕਰ ਪਰਤ-ਦਰ-ਪਰਤ ਖੋਲ੍ਹੀਏ ਤਾਂ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਪਿੱਛੇ ਪਈ ਵਿਚਾਰਧਾਰਾ ਨੂੰ ਫੜ੍ਹਿਆ ਜਾ ਸਕਦਾ ਹੈ। ਅਸਲ ਵਿਚ ਕਵੀ ਦਾ ਜੋ ਕੁਝ ਖ਼ਤਾਂ ਵਿਚ ਨਹੀਂ ਲਿਖ ਹੋਇਆ, ਭਾਵ ਜੋ ਬਚ ਗਿਆ ਉਹੀ ਸ਼ਬਦ ਅਸਲ ਵਿਚ ਇਸ ਪੁਸਤਕ ਦੀਆਂ ਕਵਿਤਾਵਾਂ ਹਨ ਕਿਉਂਕਿ ਜੋ ਖ਼ਤ ਲਿਖੇ ਗਏ ਉਹ ਤਾਂ ਸ਼ਬਦ ਰੂਪ ਧਾਰਨ ਕਰਕੇ ਬੋਲ ਬਣ ਗਏ ਤੇ ਉਹਨਾਂ ਦਾ ਤਾਂ ਭਾਵ ਸੰਚਾਰ ਹੋ ਗਿਆ ਪਰ ਜੋ ਖ਼ਤ ਨਹੀਂ ਲਿਖੇ ਗਏ, ਉਹੀ ਭਾਵ ਕਵੀ ਦੇ ਕੋਲ ਪਏ ਹਨ ਤੇ ਇਹ ਭਾਵ ਹੀ ਇਸ ਕਾਵਿ-ਸੰਗ੍ਰਹਿ ਦਾ ਸਰਮਾਇਆ ਹਨ। ਇਸ ਬਾਰੇ ਰਣਧੀਰ ਆਪਣੀ ਕਵਿਤਾ

ਵਿਚ ਇਸਦਾ ਖੁਲਾਸਾ ਕਰਦਾ ਆਖਦਾ ਹੈ ਕਿ, 'ਗੱਲਾਂ/ਜੋ ਤੂੰ ਤੇ ਮੈਂ/ਕਰ ਨਹੀਂ ਸਕੇ/ਹੁਣ ਕਵਿਤਾਵਾਂ ਨੇ ਮੇਰੀਆਂ'[1] ਇਸ ਪੁਸਤਕ ਦੇ ਮੁੱਢ ਵਿਚ ਵੀ ਰਣਧੀਰ ਕਵੀ ਅਤੇ ਕਵਿਤਾ ਬਾਰੇ ਆਪਣੀ ਸਟੀਕ ਟਿੱਪਣੀ ਕਰਦਾ ਹੋਇਆ ਆਪਣੀ ਵਿਚਾਰਧਾਰਾ ਦਾ ਪ੍ਰਗਟਾਅ ਕਰਦਾ ਦੇਖਿਆ ਜਾ ਸਕਦਾ ਹੈ। ਉਸਦਾ ਮੰਨਣਾ ਹੈ ਕਿ, "ਕਵੀ ਸਮੇਂ-ਸਥਾਨ ਦੀ ਸੀਮਾ 'ਚ ਬੱਝਾ ਹੈ। ਸਮੇਂ ਤੋਂ ਪਾਰ ਸਿਰਫ਼ ਕਵਿਤਾ ਜਾਂਦੀ ਹੈ। ਕਵੀ ਦੀ ਚੁਣੌਤੀ ਸਮੇਂ ਸਥਾਨ ਤੋਂ ਪਾਰ ਜਾ ਕੇ ਕਵਿਤਾ ਸਿਰਜਣ ਦੀ ਹੈ। ਪਰ ਕਵੀ 'ਕਵੀ ਹੈ ਕਵਿਤਾ ਨਹੀਂ। ਉਹਦੀਆਂ ਨਿੱਜੀ ਇੱਛਾਵਾਂ, ਅਹਿਸਾਸ ਅਤੇ ਜ਼ਿੰਦਗੀ ਪ੍ਰਤੀ ਪਹੁੰਚ ਉਸਦੀ ਕਵਿਤਾ ਦੀ ਸੀਮਾ ਨਿਰਧਾਰਿਤ ਕਰਦੀਆਂ ਹਨ, ਉਸਦੀ ਸਾਰਥਿਕਤਾ/ਸਦੀਵਤਾ ਨੂੰ ਪ੍ਰਭਾਵਿਤ ਕਰਦੀਆਂ ਹਨ। ਕਈ ਵਾਰ ਕਵੀ ਅਚੇਤ ਹੀ ਕਵਿਤਾ ਨੂੰ ਸਮੂਹਿਕਤਾ ਨਾਲੋਂ ਨਿਖੇੜ ਸਵੈ ਨਾਲ ਜੋੜ ਲੈਂਦਾ ਹੈ। ਇਹ ਸੰਕਟ ਮੇਰਾ ਵੀ ਹੈ। ਮੈਂ ਕਵਿਤਾ ਨਾਲ ਉੱਡ ਕੇ ਦੂਰ ਦੇਸ਼ ਜਾਣ ਦੀ ਥਾਂ ਉਹਦੇ ਉੱਪਰ ਸਵੈ ਦਾ ਬੋਝ ਲੱਦ ਦਿੰਦਾ ਹਾਂ। ਮੇਰਾ ਮੰਨਣਾ ਹੈ ਕਿ ਸਵੈ ਦੀ ਤਸਦੀਕ ਨਹੀਂ ਕੀਤੀ ਜਾ ਸਕਦੀ। ਸਵੈ ਡੋਲਦਾ ਪਾਰਾ ਹੈ । ਕਵਿਤਾ ਫੈਲਣਾ ਚਾਹੁੰਦੀ ਹੈ ਪਰ ਮੈਂ ਖੁਦ ਦੁਆਲੇ ਸੁੰਗੜਿਆ ਹੋਇਆਂ ਹਾਂ।"[2] ਉਸਦੀ ਇਹ ਸਟੇਟਮੈਂਟ ਜਿੱਥੇ ਉਸਦੀ ਕਵਿਤਾ ਬਾਬਤ ਸਮਝ-ਸੂਝ ਨੂੰ ਪ੍ਰਭਾਸ਼ਿਤ ਕਰਦੀ ਹੈ ਉੱਥੇ ਉਸਦੀ ਕਾਵਿ ਰਚਣ ਪ੍ਰਕਿਰਿਆ ਅਤੇ ਕਾਵਿ-ਸਰੂਪ ਦੀਆਂ ਸੀਮਾਵਾਂ ਨੂੰ ਵੀ ਨਿਰਧਾਰਿਤ ਕਰਦੀ ਹੈ। ਉਸਦਾ ਇਹ ਵੀ ਮੰਨਣਾ ਹੈ ਕਿ, 'ਕਵਿਤਾ 'ਵਕਤ' ਲਈ ਨਹੀਂ/ ਹਰ ਪੂਰੇ 'ਕਾਲ' ਲਈ ਹੁੰਦੀ ਹੈ'[3] ਤੇ ਦੂਜੀ ਗੱਲ ਕਵਿਤਾ ਦੇ ਅਰਥ ਹੁਣ ਪਹਿਲਾਂ ਵਾਂਗ ਸਰਲ ਤੇ ਇਕਹਿਰੇ ਨਹੀਂ ਰਹੇ ਕਿਉਂਕਿ ਅਜੋਕੇ ਮਨੁੱਖ ਦੀ ਜ਼ਿੰਦਗੀ ਵੀ ਟੇਢੀ-ਮੇਢੀ ਤੇ ਗੁੰਝਲਦਾਰ ਹੈ ਤਾਂ ਫਿਰ ਬੰਦੇ ਬਾਰੇ ਲਿਖੀ ਗਈ ਕਵਿਤਾ ਕਿਵੇਂ ਸਿੱਧ-ਪੱਧਰੀ ਹੋ ਸਕਦੀ ਹੈ-

- ਪਹਿਲਾਂ ਕਵਿਤਾ ਕਿੰਨੀ ਮਾਸੂਮ ਹੁੰਦੀ ਸੀ
  ਨਿੱਕੇ-ਨਿੱਕੇ ਪੋਟਿਆਂ ਨਾਲ ਪੜ੍ਹ ਕੇ
  ਜ਼ੁਬਾਨੀ ਮੂੰਹ ਚੜ੍ਹ ਜਾਂਦੀ
  ਤੇ ਹੁਣ ਕਵਿਤਾ ਹੋ ਗਈ ਹੈ
  ਕਿੰਨੀ ਤਿਗੜਮਬਾਜ਼
  ਸਿਆਣਿਆਂ ਦੇ ਦਿੱਤੇ ਅਰਥ ਵੀ
  ਬਹੁਤੀ ਵਾਰ ਯਾਦ ਨਹੀਂ ਰੱਖਦੀ [4]

ਰਣਧੀਰ ਦੀ ਸਮੁੱਚੀ ਕਵਿਤਾ ਦਾ ਕੇਂਦਰੀ ਬਿੰਦੂ ਮਨੁੱਖੀ ਪਛਾਣ ਨਾਲ ਜੁੜਿਆ ਹੈ। ਇਹ ਪਛਾਣ ਦਾ ਸੰਕਟ ਐਨਾ ਦਵੰਦਾਤਮਕ ਹੈ ਕਿ ਕਦੇ ਬੰਦੇ ਨੂੰ ਇਹ ਲੱਗਦਾ ਹੈ ਕਿ ਉਸਦੀ ਇਹ ਪਛਾਣ ਉਸਦੇ ਅਸਤਿੱਤਵ ਨਾਲ ਜੁੜ ਚੁੱਕੀ ਹੈ ਪਰ ਦੂਜੇ ਹੀ ਪਲ਼ ਉਹ ਆਪਣੀ ਨਵੀਂ ਪਛਾਣ ਬਣਾਉਣ ਵਿਚ ਜੁੱਟ ਜਾਂਦਾ ਹੈ। ਇਹ ਮਨੁੱਖੀ ਪਛਾਣ ਦੀ ਦਵੰਦਮਈ ਸਥਿਤੀ ਹੈ ਕਿ ਉਸ ਕੋਲ ਕਈ ਵਾਰ ਸਭ ਕੁਝ ਹੁੰਦਿਆਂ ਹੋਇਆਂ ਵੀ ਅੱਜ ਖਾਲੀਪਣ ਦਾ ਅਹਿਸਾਸ ਹੁੰਦਾ। ਅਜੋਕੀ ਪਛਾਣ ਪਦਾਰਥਕ ਵਰਤਾਰੇ ਨਾਲ ਜੁੜ ਕੇ ਆਪਣਾ ਕਾਰਜ ਕਰਦੀ ਹੈ ਤਾਂ ਹੀ ਤਾਂ ਮਨੁੱਖੀ ਪਛਾਣ ਅਗਲੇ ਹੀ ਪਲ ਆਪਣਾ ਨਵਾਂ ਬਦਲ ਭਾਲ ਲੈਂਦੀ ਹੈ। ਪਰ ਰਣਧੀਰ ਅਜਿਹੇ ਸਮਿਆਂ ਵਿਚ ਪਛਾਣ ਦੇ ਪੁਰਾਤਨ ਪੂਰਨਿਆਂ ਦੀ ਥਾਂ ਨਵੇਂ ਪੂਰਨੇ ਪਾਉਂਦਾ ਦੇਖਿਆ ਜਾ ਸਕਦਾ ਹੈ –

- ਅਕਸਰ ਉਹ ਕਹਿੰਦਾ
  ਕਿ ਬੰਦੇ ਕੋਲ
  ਅਕਲ ਹੋਵੇ
  ਕਲਾ ਹੋਵੇ
  ਮਹਿਕਦੇ ਫੁੱਲ ਹੋਣ
  ਜਾਗਦਾ ਅੰਬਰ ਹੋਵੇ
  ਵਗਦਾ ਦਰਿਆ ਹੋਵੇ
  ਮੈਂ ਅਕਸਰ ਮਹਿਸੂਸਦਾਂ
  ਬੰਦੇ ਕੋਲ ਅੱਖ ਹੋਵੇ
  ਸਿਰ ਹੋਵੇ
  ਪੈਰ ਹੋਣ
  ਹੱਥ ਹੋਣ
  ਬੰਦਾ –
  ਸਫ਼ਰ, ਦਰਿਆ, ਅੰਬਰ, ਸੂਰਜ
  ਖੁਦ ਹੀ ਬਣ ਜਾਂਦਾ ...[5]

ਇਹ ਬੰਦੇ ਦੀ ਦੇਖਣ ਦ੍ਰਿਸ਼ਟੀ ਹੈ ਕਿ ਉਹ ਚੀਜ਼ਾਂ ਨੂੰ ਕਿੰਝ ਨਵੇਂ ਜਾਵੀਏ ਤੋਂ ਕਈ ਕੋਣਾਂ ਤੋਂ ਦੇਖ ਸਕਦਾ ਹੈ ਪਰ ਮਸਲਾ ਇਹ ਹੈ ਕਿ ਬੰਦਾ ਅਜਿਹਾ ਕਰਦਾ ਨਹੀਂ।

ਠੀਕ ਉਵੇਂ ਜਿਵੇਂ ਬੰਦੇ ਨੇ ਇਹ ਨਿਰਧਾਰਿਤ ਕਰ ਲਿਆ ਹੈ ਕਿ ਸਤਰੰਗੀ ਪੀਂਘ ਵਿਚ ਸੱਤ ਰੰਗਾਂ ਦਾ ਸੁਮੇਲ ਹੁੰਦਾ ਹੈ ਪਰ ਅਸਲ ਵਿਚ ਅਜਿਹਾ ਨਹੀਂ ਬਲਕਿ ਉਸ ਵਿਚ ਕਈ ਹੋਰ ਸੈਂਕੜੇ ਰੰਗ ਘੁਲੇ-ਮਿਲੇ ਹੁੰਦੇ ਹਨ। ਰਣਧੀਰ ਮਨੁੱਖੀ ਪਛਾਣ ਨੂੰ ਨਵੇਂ ਕੋਣ ਤੋਂ ਦੇਖਦਾ ਇਹ ਸੰਵਾਦ ਛੇੜਦਾ ਹੈ ਕਿ ਬੰਦਾ ਵੀ ਬਾਕੀ ਜੂਨਾਂ ਵਾਂਗ ਆਮ ਪ੍ਰਾਣੀ ਹੀ ਹੈ ਬੱਸ ਫ਼ਰਕ ਸਿਰਫ਼ ਸਾਂਚਿਆਂ ਦਾ ਹੈ, ਕੋਈ ਸਾਂਚਾ ਮਨੁੱਖ ਦਾ ਹੈ ਤੇ ਕੋਈ ਸਾਂਚਾ ਜਾਨਵਰ ਦਾ, ਇਹ ਪਛਾਣ ਦਾ ਮਸਲਾ ਹੀ ਮਨੁੱਖ ਅਤੇ ਜਾਨਵਰ ਵਿਚ ਭੇਦ ਨਿਰਧਾਰਿਤ ਕਰਦਾ ਹੈ–

- ਹੁੰਦਾ ਤਾਂ ਇਉਂ ਹੀ ਏ
  ਇਕ ਸਾਂਚਾ ਹੁੰਦਾ
  ਇਕ ਬੰਦਾ ਹੁੰਦਾ
  ਇਕ ਪੰਛੀ ਹੁੰਦਾ
  ਮੋਟਾ-ਪਤਲਾ
  ਤੁਰਦਾ-ਤੁਰਦਾ
  ਸਾਂਚਿਆ ਅੱਗੇ ਆ ਬਹਿੰਦਾ ।[6]

ਪਛਾਣ ਦੇ ਮਸਲੇ ਵਿਚ ਲੰਘਦਾ ਹੋਇਆ ਰਣਧੀਰ ਇਤਿਹਾਸ ਨੂੰ ਵੀ ਨਵੇਂ ਦ੍ਰਿਸ਼ਟੀਕੋਣ ਤੋਂ ਦੇਖਦਾ ਆਪੇ ਦੀ ਪਛਾਣ ਕਰਦਾ ਦੇਖਿਆ ਜਾ ਸਕਦਾ ਹੈ ਜਿਸਦੇ ਸਬੰਧ ਵਿਚ ਉਸਦੀ ਕਵਿਤਾ 'ਬਾਰ੍ਹਾਂ ਅਪ੍ਰੈਲੀਏ' ਵਿਚਲੀ ਵਿਚਾਰਧਾਰਾ ਸਦੀਆਂ ਤੋਂ ਚੱਲੇ ਆਉਂਦੇ ਇਤਿਹਾਸ ਨੂੰ ਪੁਨਰ-ਪੜਚੋਲਣ ਅਤੇ ਸਮਕਾਲ ਵਿਚ ਉਸਦੀ ਪੁਨਰ-ਪਰਿਭਾਸ਼ਾ ਕਰਦੀ ਦੇਖੀ ਜਾ ਸਕਦੀ ਹੈ। ਉਸਦੀ ਇਸ ਕਵਿਤਾ ਨੂੰ ਗੁਰਮੁਖ ਸਿੰਘ ਮੁਸਾਫਿਰ ਦੀ ਕਹਾਣੀ 'ਸਤਾਈ ਜਨਵਰੀ' ਦੇ ਸਮਾਂਤਰ ਰੱਖਦਿਆਂ ਸਮਕਾਲੀ ਪ੍ਰਸਿਥੀਆਂ ਵਿਚ ਬੰਦੇ ਦੇ ਪਛਾਣ ਅਤੇ ਅਸਤਿੱਤਵੀ ਸੰਕਟ ਨੂੰ ਨਜਿੱਠਣ ਦੀ ਇਕ ਨਿਵੇਕਲੀ ਕੋਸ਼ਿਸ਼ ਮੰਨਿਆ ਜਾ ਸਕਦਾ ਹੈ-

- ਅੱਜ 13 ਅਪ੍ਰੈਲ ਹੈ
  ਖਾਲਸੇ ਦਾ ਸਾਜਨਾ ਦਿਵਸ
  ਲੰਘੀ 12 ਅਪ੍ਰੈਲ ਦਾ ਮਹੱਤਵ
  ਬਸ ਏਨਾਂ
  ਇਕ ਦਿਨ ਪਹਿਲਾਂ ਹੈ

13 ਅਪ੍ਰੈਲ ਤੋਂ
ਜਾਂ ਕਹਿ ਲਵੋ
331 ਵਰ੍ਹੇ ਪਿਛੋਂ ਹੈ
ਖ਼ਾਲਸੇ ਦੇ ਸਾਜਨਾ ਤੋਂ
ਜਦ ਗੁਰੂ ਸਾਹਿਬ ਨੇ
ਸ਼ਬਦ ਤੇ ਸ਼ਾਸਤਰ ਨੂੰ ਨਾਲੋ-ਨਾਲ ਰੱਖਿਆ
ਸੰਤ-ਸਿਪਾਹੀ ਨੂੰ ਇਕ ਸੂਤਰ 'ਚ ਬੰਨ੍ਹਿਆ ...
ਗੁਰੂ ਨੇ
13 ਅਪ੍ਰੈਲ ਨੂੰ
ਸਿਰ ਮੰਗਿਆ
ਖ਼ਾਲਸਾ ਸਿਰਜਿਆ
ਖ਼ਾਲਸਾ ਜੋ ਮੁਕਤ ਹੈ –
ਹਰ ਸਹਿਮ, ਹਿੰਸਾ, ਵੈਰ, ਦਵੈਤ ਤੋਂ
ਅਸੀਂ 12 ਅਪ੍ਰੈਲੀਏ
ਡਰ, ਸਹਿਮ, ਹਿੰਸਾ 'ਚ ਹੀ ਘਿਰੇ ਰਹੇ
13 ਅਪ੍ਰੈਲ ਨੂੰ ਸਾਬਤ ਸਿਰ ਮੁੜਦੇ
ਮਾਣ ਕਰਦੇ ਹਾਂ ...[7]

ਮੁੱਹਬਤ ਦੀ ਪਛਾਣ ਵੀ ਉਸ ਲਈ ਇਕ ਮਸਲਾ ਹੀ ਹੈ, ਉਸ ਅਨੁਸਾਰ ਅੱਜ ਮੁੱਹਬਤ ਵੀ ਸਵਾਲਾਂ 'ਚ ਘਿਰੀ ਹੋਈ ਆਪਣੀ ਪਛਾਣ ਦੀ ਉਡੀਕ 'ਚ ਹੈ। ਕੀ ਮੁਹੱਬਤ ਬਿਨਾਂ ਪਛਾਣ ਦੇ ਹੋ ਸਕਦੀ ਹੈ? ਮੁਹੱਬਤ ਨਿਰ-ਸੁਆਰਥ ਅਤੇ ਗਰਜ਼ ਦੀ ਭਾਵਨਾ ਤੋਂ ਬੇਲਾਗ ਹੋ ਸਕਦੀ ਹੈ? ਰਣਧੀਰ ਅਨੁਸਾਰ ਅਸਲ ਮੁਹੱਬਤ ਦਾਇਰਿਆਂ ਵਿਚ ਕੈਦ ਨਹੀਂ ਹੁੰਦੀ ਤੇ ਨਾ ਹੀ ਉਸਦੇ ਅਰਥ ਸੰਕੋਚਵੇਂ ਤੇ ਸੀਮਾਵਾਂ ਵਿਚ ਬੱਝੇ ਹੁੰਦੇ ਹਨ ਸਗੋਂ ਮੁਹੱਬਤ ਦੇ ਅਰਥ ਹਰ ਸ਼ੈਅ ਵਿਚ ਲੁਕੇ ਹੋਣ ਸਦਕਾ ਅਨੰਤ ਪਸਾਰੇ ਤੱਕ ਫੈਲੇ ਹੋਏ ਹਨ, ਮਸਲਾ ਤਾਂ ਪਰਤ-ਦਰ-ਪਰਤ ਹਰ ਤੈਅ ਵਿਚਲੇ ਮੁਹੱਬਤ ਦੇ ਸੈਆਂ ਰੰਗਾਂ ਨੂੰ ਪਛਾਨਣ ਦਾ ਹੈ ਕਿਉਂਕਿ ਮੁਹੱਬਤ ਨੂੰ ਬੌਧਿਕ ਪ੍ਰਸ਼ਨਾਂ ਨਾਲ ਕਦੇ ਨਹੀਂ ਨਿਜੱਠਿਆ ਜਾ ਸਕਦਾ -

- ਮੈਂ ਜਿੱਥੇ ਵੀ ਗਿਆ

ਸਵਾਲਾਂ ਦੀ ਕਿਤਾਬ ਲੈ ਕੇ ਗਿਆ
ਧਰਤੀ, ਫੁੱਲ, ਮਾਂ, ਨਦੀ, ਮਹਿਬੂਬ
ਸਭ ਉਹਦਾ ਤਤਕਰਾ ਬਣੇ
ਉਮਰ ਭਰ
ਮੁਹੱਬਤ ਨੂੰ
ਮਮਤਾ ਨੂੰ
ਫੁੱਲਾਂ ਨੂੰ
ਤਿਤਲੀਆਂ ਨੂੰ
ਸਵਾਲਾਂ ਰਾਹੀਂ ਨਿੱਕਾ ਕੀਤਾ
ਤਰਕ ਮੁਹੱਬਤ ਨਹੀਂ
ਪ੍ਰਸ਼ਨ ਮਾਂ ਦਾ ਗਰਭ ਨਹੀਂ
ਮਹਿਬੂਬ ਕੋਈ ਮਿਲਿਆ ਮੌਕਾ ਨਹੀਂ
ਜੇ ਨਹੀਂ ਹੈ
ਤਾਂ ਇਸ ਪ੍ਰਸ਼ਨ ਦਾ ਵੀ ਕੋਈ ਉੱਤਰ ਨਹੀਂ
ਕਿ
ਮੁਹੱਬਤ ਕੀ ਹੈ ???[8]

ਰਣਧੀਰ ਮਨੁੱਖ ਨੂੰ ਗੁੰਝਲਦਾਰ ਜ਼ਿੰਦਗੀ ਜਿਉਣ ਦੀ ਥਾਂ ਸਹਿਜਤਾ ਨਾਲ ਜਿਉਣ ਦੀ ਹਾਮੀ ਭਰਦਾ ਹੈ। ਉਸ ਅਨੁਸਾਰ ਅਜੋਕਾ ਮਨੁੱਖ ਦਿਮਾਗੀ ਗੁੰਝਲਾਂ ਵਿਚ ਘਿਰਿਆ ਸਹਿਜਤਾ ਦਾ ਪੱਲਾ ਛੱਡਦਾ ਹੋਇਆ ਜ਼ਿੰਦਗੀ ਦਾ ਹੱਲ ਬੌਧਿਕਤਾ ਵਿਚੋਂ ਲੱਭ ਰਿਹਾ ਹੈ ਜਦੋਂ ਕਿ ਜ਼ਿੰਦਗੀ ਦੇ ਅਸਲ ਅਰਥ ਸਹਿਜਤਾ ਵਿਚ ਲੁਕੇ ਹਨ ਤੇ ਇਸਦੀ ਸੌਖੀ ਉਦਾਹਰਨ ਬਚਪਨ ਹੈ -

- ਬਚਪਨ ਤੋਂ
  ਸਮਝਦੇ ਆਏ ਹਾਂ
  ਸਵਾਲ ਪੁੱਛਣਾ
  ਉੱਤਰ ਨਾਲੋਂ ਵੱਡਾ
  ਵੱਡੇ ਹੋਣ ਦੇ ਲਾਲਚ 'ਚ

ਉਮਰ ਭਰ
ਗਿਆਨ ਦੇ ਹਨੇਰੇ ਜੰਗਲ 'ਚੋਂ
ਲੱਭਦੇ ਰਹੇ ਜਿਉਣ
ਜੋਗੇ ਸਵਾਲ ...[9]

ਅਜੋਕੇ ਮਨੁੱਖ ਦੀ ਸਭ ਤੋਂ ਵੱਡੀ ਸਮੱਸਿਆ ਹੈ ਉਸਦੀ ਪਛਾਣ ਦਾ ਅਸਤਿੱਤਵੀ ਸੰਕਟ। ਅੱਜ ਜਿੱਥੇ ਪੂਰੀ ਦੁਨੀਆਂ ਵਿਚ ਪਛਾਣਾਂ ਦਾ ਸੰਕਟ ਛਾਇਆ ਹੋਇਆ ਹੈ ਉੱਥੇ ਸਮੂਹਿਕ ਪਛਾਣਾਂ ਉੱਪਰ ਰਾਜਨੀਤੀ ਦੀ ਖੇਡ ਵੀ ਖੇਡੀ ਜਾ ਰਹੀ ਹੈ। ਰਣਧੀਰ ਅਨੁਸਾਰ ਬੰਦੇ ਉੱਪਰ ਪਛਾਣ ਐਨੀ ਕੁ ਭਾਰੂ ਹੈ ਕਿ ਬੰਦੇ ਦਾ ਨਾਂ ਅਤੇ ਸਿਰਨਾਵਾਂ ਮਹਿਜ਼ ਉਸਦੀ ਪਛਾਣ ਨਿਰਧਾਰਿਤ ਕਰਦਾ ਹੈ ਜਦੋਂ ਕਿ ਦੂਜੇ ਪਾਸੇ ਉਸਦਾ ਕਰਮ ਅਤੇ ਵਿਵਹਾਰ ਹਾਸ਼ੀਏ 'ਤੇ ਭਾਵ ਦੁਜੈਲੇ ਪੱਧਰ 'ਤੇ ਧੱਕਿਆ ਗਿਆ ਹੈ। ਬੰਦੇ ਦੀ ਬਾਹਰੀ ਪਛਾਣ, ਉਸਦਾ ਸਟੇਟਸ ਸਿੰਬਲ, ਉਸਦਾ ਨਾਂ ਅਤੇ ਪਤਾ-ਟਿਕਾਣਾ ਉਸਦੀ ਵਿਅਕਤੀਗਤ ਪਛਾਣ ਦੇ ਹੀ ਸੂਚਕ ਨਹੀਂ ਸਗੋਂ ਇਹ ਪਛਾਣ ਉਸਦੀ ਸਮੂਹਿਕ ਹੁੰਦੀ ਹੋਈ ਪੀੜ੍ਹੀ-ਦਰ-ਪੀੜ੍ਹੀ ਨਾਲ ਚੱਲਦੀ ਹੈ, ਉਸਦਾ ਕਥਨ ਹੈ –

- ਪਰ
  ਮੈਂ ਜਿਥੇ ਵੀ ਜਾਂਦਾ ਹਾਂ
  ਮੇਰੇ ਨਾਲ ਭੁੱਖ ਚਲੀ ਜਾਂਦੀ ਹੈ
  ਰੰਗ
  ਨਸਲ ਅੱਗੇ ਜਾ ਖੜ੍ਹਦੀ ਹੈ
  ਭੱਜ ਨਹੀਂ ਸਕਦਾ ਕਿਤੇ
  ਫੇਰ ਵੀ ਭੱਜਦਾ ਹਾਂ
  ਭੀੜ 'ਚ ਰਲ਼ ਕੇ
  ਖੜ੍ਹਾ-ਖੜ੍ਹਾ ਹਫ਼ ਕੇ
  ਸਾਬਤ ਕਰ ਰਿਹਾ ਹਾਂ
  ਮੈਂ ਉਹਨਾਂ 'ਚੋਂ ਨਹੀਂ !!![10]

ਦੂਜੇ ਪਾਸੇ ਪਛਾਣ ਅਤੇ ਸਿਰਨਾਵਿਓਂ ਵਿਰਵੇ ਬੰਦੇ ਦੀ ਹੋਣੀ ਦਾ ਦੁਖਾਂਤ ਇਹ ਹੈ ਕਿ ਉਹ ਵੀ ਚਾਹੁੰਦੇ ਹਨ ਕਿ ਉਹਨਾਂ ਦੀ ਵੀ ਕੋਈ ਪਛਾਣ ਹੋਵੇ। ਇੱਥੇ ਨਾਵਾਂ ਦੀ ਸਿਹਾਰੀ-ਬਿਹਾਰੀ ਮੋਟੀ ਲਿਖਣ ਦਾ ਮੈਟਾਫ਼ਰ ਅਸਲ ਵਿਚ ਉਹਨਾਂ ਦੀ ਸ਼ਨਾਖ਼ਤ ਦਾ ਭਾਵ ਸੰਚਾਰ ਕਰਦਾ ਹੈ। ਇਸ ਸ਼ਨਾਖ਼ਤ ਵਿਚ ਜਿੱਥੇ ਉਹਨਾਂ ਦੇ ਸੰਘਰਸ਼ ਦਾ ਇਤਿਹਾਸ ਹੈ ਉੱਥੇ ਦੂਜੇ ਪਾਸੇ ਇਸ ਵਿਚ ਉਹਨਾਂ ਦੀ ਅਸਫ਼ਲਤਾ ਦੀ ਟੀਸ ਵੀ ਲੁਕੀ ਹੈ -

- ਅਸੀਂ ਸਿਰਨਾਵਿਆਂ ਵਿਹੂਣੇ ਬੰਦੇ
  ਮੋਢਿਆਂ ਮੱਥਿਆਂ 'ਤੇ
  ਪਛਾਣ ਦਾ ਨਿਸ਼ਾਨ ਖੁਣਦੇ ਫਿਰਦੇ ਹਾਂ
  ਚਾਹੁੰਦੇ ਹਾਂ
  ਕਿ ਸਾਡਿਆਂ ਨਾਵਾਂ ਦੀ
  ਸਿਹਾਰੀ ਬਿਹਾਰੀ ਨੂੰ
  ਸਦਾ 'ਮੋਟਾ' ਕਰਕੇ ਲਿਖਿਆ ਜਾਵੇ
  ਉਮਰ ਬੀਤ ਗਈ ਸਿਖਦਿਆਂ
  ਅੱਖ 'ਚ ਅੱਖ ਪਾਉਣ ਦੀ ਅਦਾ
  ਸਾਡਿਆਂ ਪੈਰਾਂ 'ਚ ਦਫ਼ਨ
  ਸਾਡੇ ਨਾਵਾਂ ਦੀਆਂ ਤਖ਼ਤੀਆਂ –
  ਜਿੰਨਾ 'ਚ ਭਰਨ ਲਈ ਰੰਗ
  ਆਪਣੀ ਹੀ ਛਾਵੇਂ ਬਹਿਣਾ ਪਊ
  ਅਸੀਂ ਜੋ
  ਆਪਣੇ ਯੁੱਗ ਦਾ ਨਾਮ ਤੱਕ ਨਹੀਂ ਰੱਖ ਸਕੇ
  ਨਾਵਾਂ ਦੇ ਸਿਰਨਾਵਿਆਂ ਤੋਂ ਰੱਖਦੇ ਹਾਂ ਬੜੀ ਆਸ [11]

ਪਛਾਣ ਦੀ ਦਵੰਦਾਤਮਕ ਸਥਿਤੀ ਦਾ ਇਕ ਪਹਿਲੂ ਇਹ ਵੀ ਹੈ ਕਿ ਕਿਰਤੀ ਲੋਕ ਸਾਰੀ ਉਮਰ ਆਪਣੀ ਸ਼ਨਾਖ਼ਤ ਬਣਾਉਣ ਵਿਚ ਸਫ਼ਲ ਨਹੀਂ ਹੁੰਦੇ। ਉਹਨਾਂ ਦੀ ਸ਼ਨਾਖ਼ਤ ਉਹਨਾਂ ਦੇ ਕੰਮ-ਕਾਜ ਵਿਚ ਨਹੀਂ ਸਗੋਂ ਉਹਨਾਂ ਦੀ ਗੁਰਬਤ ਵਿਚ ਲੁਕੀ ਹੈ। ਇਹ ਗੁਰਬਤ ਸਾਰੀ ਉਮਰ ਉਹਨਾਂ ਦਾ ਪਿੱਛਾ ਨਹੀਂ ਛੱਡਦੀ ਜਿਸ ਵਿਚ

ਲਗਾਤਾਰ ਉਹਨਾਂ ਦੇ ਉਜਾੜੇ ਦੀ ਦਾਸਤਾਨ ਹੈ ਜਦੋਂ ਕਿ ਉਹਨਾਂ ਦੀ ਕਿਰਤ ਅਤੇ ਕਲਾ ਦੋਨੋਂ ਹਾਸ਼ੀਏ 'ਤੇ ਧੱਕੀਆਂ ਰਹਿੰਦੀਆਂ ਹਨ-

- ਮੈਂ
  ਦੇਖਦਾ ਹਾਂ ਹਰ ਰੋਜ਼
  ਸੂਰਜ ਚੜ੍ਹ ਰਿਹਾ ਹੈ
  ਪੌਣ ਵਗ ਰਹੀ
  ਫੁੱਲ ਖਿੜ ਰਹੇ ਹਨ
  ਕਰੂੰਬਲ ਫੁੱਟ ਰਹੀ ਹੈ
  ਮੈਂ ਹਰ ਰੋਜ਼ ਦੇਖਦਾ ਹਾਂ
  ਟਿਫ਼ਨ 'ਚ ਬੰਨ੍ਹੀ ਰੋਟੀ
  ਜਾ ਰਹੇ ਹਨ ਮਜ਼ਦੂਰ
  ਬਣ ਰਹੀ ਹੈ ਕੋਈ ਇਮਾਰਤ
  ਉੱਜੜ ਰਿਹਾ ਕਿਤੇ ਕੋਈ ਆਸ਼ਿਆਨਾ
  ਮੈਂ ਹਰ ਰੋਜ਼ ਵੇਖਦਾ ਹਾਂ ...[12]

ਜਦੋਂ ਸਮੁੱਚਾ ਸੰਸਾਰ ਆਪਣੀ ਪਛਾਣ ਦੇ ਮਸਲੇ ਨਾਲ ਜੂਝ ਰਿਹਾ ਤਾਂ ਉਸਦੇ ਦੂਜੇ ਪਾਸੇ ਖੜ੍ਹਾ ਰਣਧੀਰ ਆਪਣੀ ਪਛਾਣ ਭੁੱਲਣੀ ਚਾਹੁੰਦਾ, ਉਹ ਇਹ ਪਛਾਣ ਕਿਉਂ ਭੁੱਲਣੀ ਚਾਹੁੰਦਾ, ਇਹ ਇਕ ਘੋਰ ਸੰਕਟਮਈ ਸਥਿਤੀ ਹੈ। ਇਹ ਸੰਕਟ ਮਨੁੱਖ ਦੇ ਇਕਲਾਪੇ ਦਾ ਸੰਕਟ ਹੈ। ਉਸ ਕੋਲ ਵਸਤ-ਵਰਤਾਰਿਆਂ ਦੀ ਚੋਖੀ ਭੀੜ ਹੈ, ਪਰ ਰਿਸ਼ਤਿਆਂ ਦਾ ਸੱਖਣਾਪਣ ਹੈ। ਉੱਤਰ ਮਨੁੱਖਤਾਵਾਦ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਜਿੱਥੇ ਮਨੁੱਖ ਦਾ ਪੂਰਨ ਬਦਲ ਮਸ਼ੀਨ ਵਿਚ ਬਦਲ ਦਿੱਤਾ ਹੈ ਪਰ ਫਿਰ ਵੀ ਪਦਾਰਥਕ ਚਕਾਚੌਂਧ ਤੇ ਮਸ਼ੀਨਾਂ ਦੀ ਚਮਕ ਜਿੰਨੀ ਮਰਜ਼ੀ ਹੋਵੇ ਉਹ ਮਨੁੱਖ ਦੇ ਕੰਮ-ਕਾਜ ਤਾਂ ਕਰ ਸਕਦੇ ਹਨ ਪਰ ਉਸਦੇ ਭਾਵਾਂ ਦਾ ਅਦਾਨ-ਪ੍ਰਦਾਨ ਕਰਨਾ ਹਾਲੇ ਸ਼ਾਇਦ ਮਸ਼ੀਨਾਂ ਕੋਲੋਂ ਸੰਭਵ ਨਹੀਂ। ਰਣਧੀਰ ਦਾ ਕਥਨ ਹੈ -

- ਮੇਰੇ ਕੋਲ
  'ਪਤਾ' ਹੈ ...
  ਜ਼ਿਹਨ 'ਚ ਉੱਕਰਿਆ

ਮੈਂ ਲੱਖ ਚਾਹੁੰਨਾਂ
ਗੁਆਚਣਾ
ਕਮਬਖ਼ਤ .... ਪਤਾ
ਗੁੰਮਣ ਨਹੀਂ ਦਿੰਦਾ ਕਿਤੇ !![13]

- ਭਰੇ ਮੇਲੇ 'ਚ ਕਿਤੇ
  ਛੁਟ ਗਿਆ ਮੈਥੋਂ ਮੇਰਾ ਹੱਥ
  ਹੁਣ ਹਰ ਭੀੜ ਦੇ ਹੱਥ ਨੂੰ
  ਛੂਹ
  ਖੁਦ ਨੂੰ ਭਾਲਦਾਂ [14]

ਇਸ ਸੰਗ੍ਰਹਿ ਵਿਚਲੀਆਂ ਜ਼ਿਆਦਾਤਰ ਕਵਿਤਾਵਾਂ ਉਸਦੇ ਨਿੱਜੀ ਅਨੁਭਵ ਜਾਂ ਉਸਦੇ ਅੰਤਰਮੁਖੀ ਵਿਚਾਰਾਂ ਦੀਆਂ ਜਾਮਨ ਹਨ ਪਰ ਫਿਰ ਵੀ ਉਸਦੀਆਂ ਕੁਝ ਕਵਿਤਾਵਾਂ ਵਿਚ ਦਾਰਸ਼ਿਨਕਤਾ ਦਾ ਝਾਉਲਾ ਪੈਂਦਾ ਵੀ ਦੇਖਿਆ ਜਾ ਸਕਦਾ। ਪਰ ਉਸਦੀ ਖਾਸ ਗੱਲ ਇਹ ਹੈ ਕਿ ਉਸਦੀਆਂ ਇਹਨਾਂ ਕਵਿਤਾਵਾਂ ਦੀ ਸੁਰ ਭਾਵੇਂ ਦਾਰਸ਼ਨਿਕ ਹੈ ਪਰ ਇਹ ਦਾਰਸ਼ਨਿਕਤਾ ਨਿਰੀ ਉਪਦੇਸ਼ਾਤਮਕ ਨਹੀਂ ਬਲਕਿ ਇਹ ਵਿਹਾਰਕ ਦਾਰਸ਼ਨਿਕਤਾ ਹੈ ਜੋ ਉਸਦੇ ਕਮਾਏ ਅਨੁਭਵਾਂ ਵਿਚੋਂ ਨਿੱਕਲੀ ਹੈ –

- ਬਚਪਨ
  ਜਿੱਥੇ ਬੁੱਧ ਹੋਣ ਲਈ
  ਕੋਈ ਵੀ ਮਾਰਗ
  ਨਹੀਂ ਚੁਣਨਾ ਪੈਂਦਾ [15]
- ਸਫ਼ਰ
  ਮੇਰੇ ਜ਼ਿਹਨ 'ਚ ਹੈ
  ਤੇ ਮੈਂ ਇਥੇ
  ਪੈਰ ਕਿਤੇ ਹੋਰ [16]

ਰਣਧੀਰ ਪਛਾਣਾਂ ਦੇ ਮਸਲੇ ਵਿਚ ਆਪਣੇ-ਆਪ ਨੂੰ ਮੁਸਾਫਿਰ ਹੋਣਾ ਲੋਚਦਾ ਕਿਉਂਕਿ ਮੁਸਾਫਿਰ ਦੀ ਪਛਾਣ ਸਥਾਈ ਨਹੀਂ ਹੁੰਦੀ ਤੇ ਮੁਸਾਫਿਰ ਲਈ ਸਫ਼ਰ ਹਮੇਸ਼ਾਂ ਅਮੁੱਕ ਹੁੰਦਾ ਬਲਕਿ ਚੱਲਦੇ ਰਹਿਣਾ ਹੀ ਜ਼ਿੰਦਗੀ ਦੇ ਅਸਲ ਅਰਥ ਹਨ।

ਮੁਸਾਫਿਰ ਆਪਣੀ ਪਛਾਣ ਨਾਲ ਬੰਨੇ ਨਹੀਂ ਜਾਂਦੇ ਸਗੋਂ ਉਹਨਾਂ ਦੇ ਨਿਰੰਤਰ ਚੱਲਦੇ ਰਹਿਣ ਵਿਚ ਹੀ ਬੰਦੇ ਦੀ ਸ਼ਨਾਖ਼ਤ ਦੇ ਸੈਆਂ ਭੇਦ ਛਿਪੇ ਹੁੰਦੇ ਹਨ -

- ਓਹ ਸਫ਼ਰ
  ਜੋ ਉਲੀਕਿਆ ਨਹੀਂ ਜਾ ਸਕਦਾ
  ਮਿਥਿਆ ਨਹੀਂ ਜਾ ਸਕਦਾ
  ਮਾਪਿਆ ਤਾਂ ਉੱਕਾ ਹੀ ਨਹੀਂ
  ਬਸ
  ਤੂੰ ਆ
  ਕਿ ਆਪਾਂ ਮੁਸਾਫਿਰ ਹੋਈਏ [17]

ਰਣਧੀਰ 'ਧੀ ਤੇ ਕਵਿਤਾ' ਸਿਰਲੇਖ ਨਾਮੀ ਕਵਿਤਾ ਵਿਚ ਬੱਚਿਆਂ ਦੀਆਂ ਸਹਿਜ-ਕਿਰਿਆਵਾਂ ਜੋ ਬੌਧਿਕਤਾ ਦੀ ਲਾਗ ਤੋਂ ਕੋਹਾਂ ਦੂਰ ਹੁੰਦੀਆਂ ਹਨ, ਉਹਨਾਂ ਵਿਚਲੀ ਸੂਖ਼ਮ ਕਾਵਿ-ਸੰਵੇਦਨਾ ਨੂੰ ਫੜ੍ਹਦਾ ਵੀ ਦੇਖਿਆ ਜਾ ਸਕਦਾ ਹੈ। ਉਹ ਵਰਤਾਰੇ ਜੋ ਬਹੁਤ ਸਹਿਜ ਵਾਪਰ ਰਹੇ ਹਨ ਪਰ ਮਨੁੱਖ ਆਪਣੀ ਬੌਧਿਕ ਤਿਮਗੜਬਾਜ਼ੀ ਸਦਕਾ ਉਹਨਾਂ ਵਿਚੋਂ ਖੋਜਾਂ ਖੋਜ ਰਿਹਾ। ਮਸਲਾ ਇਹ ਹੈ ਕਿ ਉਸਦੀਆਂ ਇਹ ਖੋਜਾਂ ਉਸਨੂੰ ਸੰਤੁਸ਼ਟੀ ਦੇਣ ਦੀ ਥਾਂ ਉਸਨੂੰ ਬੇਚੈਨ ਅਤੇ ਅਸਿਹਜ ਕਰਦੀਆਂ ਹਨ। ਆਪਣੀ ਧੀ ਦੀਆਂ ਨਿੱਕੀਆਂ-ਨਿੱਕੀਆਂ ਕਿਰਿਆਵਾਂ ਰਾਹੀਂ ਉਹ ਇਸ ਸਹਿਜਤਾ ਦਾ ਪੱਲਾ ਫੜ੍ਹਨਾ ਲੋਚਦਾ –

- ਮੇਰੀ ਨਿੱਕੀ ਧੀ
  ਲਿਖ ਰਹੀ ਹੈ
  ਹਰ ਪਲ ਕਵਿਤਾ ... ... ...
  ਉਹਦੀ ਕਵਿਤਾ ਲਈ
  ਰੰਗ ਮਹਿਜ਼ ਰੰਗ
  ਪਾਣੀ ਮਹਿਜ਼ ਪਾਣੀ
  ਚਾਨਣ, ਮਿੱਟੀ, ਫੁੱਲ
  ਜਿਵੇਂ ਹਨ
  ਉਵੇਂ ਸਾਹ ਲੈਂਦੇ

ਆਪਣੇ ਆਪ 'ਚ ਪੂਰੇ ...[18]

- ਮੈਂ ਸਾਰਾ ਕੁਝ
  ਗਿਆਨ ਦੇ ਊਣੇ ਭੰਡਾਰੇ 'ਚੋਂ ਦੇਖਦਾਂ
  ਦੁਖ ਭੋਗਦਾ ਸਭ ਜਿਉਂਦਾ
  ਬਸ ਮਾਣਦਾ ਕੁਝ ਨਹੀਂ
  ਇਕ ਦਿਨ ਖੇਡੇ-ਖੇਡਦੇ
  ਮੇਰੀ ਨਿੱਕੀ ਬੱਚੀ
  ਸੂਰਜ ਨੂੰ ਟਾਫੀ ਸਮਝ ਖਾ ਗਈ ...[19]

ਬੰਦੇ ਦੀ ਕੋਝੀ ਤੇ ਟੀਰੀ ਸੋਚ ਹੈ ਕਿ ਉਹ ਆਪਣੇ-ਆਪ ਨੂੰ ਸ੍ਰਿਸ਼ਟੀ ਦਾ ਸੁਲਤਾਨ ਤਸੱਵਰ ਕਰਦਾ ਹੋਇਆ ਬਾਕੀ ਜੂਨਾਂ ਨੂੰ ਆਪਣੀਆਂ ਪਣਹਾਰੀਆਂ ਸਮਝਦਾ। ਇਹ ਟੀਰ ਹੀ ਸਮੁੱਚੀ ਕਾਇਨਾਤ ਅਤੇ ਕੁਦਰਤੀ ਵਰਤਾਰਿਆਂ ਦੇ ਵਿਗਾੜ ਦਾ ਕਾਰਨ ਹੈ। ਮਨੁੱਖ ਆਪਣੀ ਪਛਾਣ ਨਿਰਧਾਰਿਤ ਕਰਦਾ ਹੋਇਆ ਬ੍ਰਹਿਮੰਡ ਵਿਚ ਪੱਸਰੇ ਵਰਤਾਰੇ ਦਾ ਘਾਣ ਕਰਨ ਲੱਗਾ ਬਿਲਕੁਲ ਨਹੀਂ ਸੋਚਦਾ। ਉਸਦੀ ਹਉਂ ਅਤੇ ਹੜੱਪਣਵਾਦੀ ਨੀਤੀ ਨੇ ਉਸ ਅੰਦਰੋਂ ਸਹਿਜ, ਸਬਰ ਤੇ ਸੰਤੋਖ ਖਾਰਿਜ ਕਰ ਦਿੱਤਾ, ਇਹੀ ਸੁਆਰਥੀ ਸੋਚ ਬ੍ਰਹਿਮੰਡੀ ਵਿਨਾਸ਼ ਦਾ ਕਾਰਨ ਬਣ ਰਹੀ ਹੈ ਜਿਸ ਬਾਰੇ ਰਣਧੀਰ ਲਿਖਦਾ –

- ਬੰਦਾ ਹਾਂ
  ਮੈਂ ਖਾਸੀ ਥਾਂ ਮੱਲੀ ਹੈ
  ਪਸ਼ੂ-ਪਰਿੰਦੇ
  ਰੁੱਖ-ਬੂਟੇ
  ਨਦੀਆਂ-ਸਾਗਰ
  ਸਭ ਤ੍ਰਭਕਦੇ ਨੇ
  ਸਹਿਮ ਕੇ ਸਾਰੇ ਸੁੰਗੜ ਰਹੇ ਨੇ
  ਬੰਦੇ ਨੂੰ ਭਰਮ ਹੈ
  ਫੈਲ ਰਿਹਾ ਉਹ
  ਸਾਹ ਲੈਂਦਿਆਂ
  ਬੰਦਾ ਨਹੀਂ ਮਹਿਸੂਸਦਾ

ਕਿਸੇ ਰੁੱਖ ਨੂੰ
ਨਾ ਹੀ ਹੁੰਦਾ ਸ਼ੁਕਰਗੁਜ਼ਾਰ
ਕਿਸੇ ਬੂਟੇ ਦਾ
ਕੁਦਰਤ ਦੀ ਲੜੀ 'ਚੋਂ ਭੱਜਿਆ ਬੰਦਾ
ਸੋਚਦਾ
ਥਾਂ ਸਿਰ ਕਰਨੀ ਹੈ ਧਰਤ [20]

ਰੂਪਕਾਰਕ ਪੱਖ ਤੋਂ ਇਸ ਕਾਵਿ-ਸੰਗ੍ਰਹਿ ਵਿਚਲੀਆਂ ਸਾਰੀਆਂ ਕਵਿਤਾਵਾਂ ਖੁੱਲ੍ਹੀ ਕਵਿਤਾ ਦੀ ਕਿਸਮ ਦੀਆਂ ਹਨ। ਰਣਧੀਰ ਦੀ ਕਵਿਤਾ ਵਿਚਲਾ ਸੁਹਜ ਦ੍ਰਿਸ਼-ਵਰਨਣ ਦੇ ਨਾਲ-ਨਾਲ ਸਪਰਸ਼ ਬਿੰਬ ਦੀ ਮਦਦ ਨਾਲ ਅਜਿਹਾ ਵਾਤਾਵਰਨ ਉਸਾਰਦਾ ਹੈ ਕਿ ਕਵਿਤਾ ਉਸਦੇ ਹੱਡਾਂ ਵਿਚੋਂ ਲੰਘਦੀ ਹੋਈ ਪਾਠਕ ਤੱਕ ਪਹੁੰਚਦੀ ਹੈ ਜਿਸਦਾ ਇਕ ਨਮੂਨਾ ਇਹ ਦੇਖਿਆ ਜਾ ਸਕਦਾ -

- ਮੈਂ
  ਬਾਰਿਸ਼ ਦੀ ਹਰ ਬੂੰਦ ਨਾਲ
  ਮਹਿਸੂਸ ਕੀਤਾ
  ਕਿੰਨੇ ਸਾਗਰਾਂ ਦਰਿਆਵਾਂ ਨੂੰ
  ਛੂਹ ਸਕਣ ਦਾ ਅਨੁਭਵ [21]

ਸਮੁੱਚੇ ਰੂਪ ਵਿਚ ਰਣਧੀਰ ਆਪਣੀ ਕਵਿਤਾ ਸਦਕਾ ਸਮੇਂ ਦੇ ਨਕੇਲ ਪਾ ਉਸਨੂੰ ਆਪਣੀ ਚਾਲ ਰੋਕਣਾ ਚਾਹੁੰਦਾ, ਇਹ ਉਸਦਾ ਸ਼ੁਦਾਈਪਣ ਵੀ ਹੋ ਸਕਦਾ ਤੇ ਇਹ ਉਸਦੀ ਪਛਾਣ ਦਾ ਨਵਾਂ ਮਾਡਲ ਵੀ ਮੰਨਿਆ ਜਾ ਸਕਦਾ ਹੈ। ਉਸਦੀ ਪਛਾਣ ਜ਼ਿੰਦਗੀ ਵਿਚ ਅੱਗੇ ਵੱਧਣ ਨਾਲ ਜੁੜੀ ਹੈ –

- ਕੁਝ ਵੀ ਹੋਵੇ
  ਮੈਂ ਤਾਂ ਬੱਸ ਚਾਹੁੰਨਾ
  ਵਕਤ ਰੁਕ ਜਾਏ
  ਤੇ ਮੈਂ ਉਹਦੇ ਬੂਹੇ ਅੱਗੋਂ
  ਮੜ੍ਹਕ ਨਾਲ ਲੰਘਾ ...[22]

'ਤਾਰਾ' ਨਾਮੀ ਉਸਦੀ ਲੰਮੀ ਕਵਿਤਾ ਪੜ੍ਹਦਿਆ ਮੈਨੂੰ ਸੋਹਣ ਸਿੰਘ ਮੀਸ਼ਾ ਦੀ ਲਿਖੀ ਬਹੁਤ ਮਕਬੂਲ ਕਵਿਤਾ 'ਚੀਕ ਬੁਲਬੁਲੀ' ਵਿਚਲਾ ਪਾਤਰ 'ਨੰਦੂ ਛੜਾ' ਯਾਦ ਆ ਗਿਆ। ਇਸ ਕਵਿਤਾ ਵਿਚਲੀ ਭਾਵਨਾ ਅਤੇ ਪ੍ਰਸਥਿਤੀ ਭਾਵੇਂ ਨੰਦੂ ਛੜੇ ਨਾਲੋਂ ਵੱਖਰੀ ਹੈ ਪਰ ਕਿਤੇ ਨਾ ਕਿਤੇ 'ਤਾਰੇ' ਦੇ ਦੁਖਾਂਤ ਅਤੇ ਪਛਾਣ ਦਾ ਮਸਲਾ 'ਨੰਦੂ ਛੜੇ' ਦੇ ਦੁਖਾਂਤ ਨਾਲ ਮਿਲ ਜਾਂਦਾ ਹੈ ਜਿਸ ਵਿਚ 'ਚੀਖਣ' ਦੀ ਥਾਂ ਉਹ ਗਾ-ਗਾ ਕੇ ਆਪਣੀਆਂ ਅਤ੍ਰਿਪਤ ਭਾਵਨਾਵਾਂ ਦਾ ਪ੍ਰਗਟਾ ਕਰਦਾ ਹੈ। ਉਪਰੋਕਤ ਵਿਚਾਰ ਚਰਚਾ ਦੇ ਅਧਾਰ 'ਤੇ ਜੇਕਰ ਉਸਦੀ ਕਵਿਤਾ ਦੀ ਸਮੀਖਿਆ ਕਰੀਏ ਤਾਂ ਉਸਦੀ ਕਵਿਤਾ ਪੰਜਾਬੀ ਕਾਵਿ ਜਗਤ ਵਿਚ ਸ਼ੁਭ ਸ਼ਗਨ ਹੈ। ਉਸਦੀ ਕਵਿਤਾ ਨਾਲ ਪੰਜਾਬੀ ਕਵਿਤਾ ਅੰਦਰ ਮਨੁੱਖੀ ਪਛਾਣ ਦੇ ਮਸਲੇ ਦੀ ਗੱਲ ਅੱਗੇ ਤੁਰਦੀ ਹੈ। ਉਸਦੀ ਕਵਿਤਾ ਮਹਿਜ਼ ਕੋਰੇ ਰੁਮਾਂਸਵਾਦ ਵੱਲ ਪਿੱਠ ਕਰਕੇ ਹੀ ਨਹੀਂ ਖੜ੍ਹੀ ਬਲਕਿ ਬਦਲਦੀਆਂ ਪ੍ਰਸਥਿਤਿਆਂ ਵਿਚੋਂ ਮੁਹੱਬਤ ਦੇ ਨਵੇਂ ਅਰਥ ਤਲਾਸ਼ਦੀ ਹੈ। ਰਣਧੀਰ ਦੀਆਂ ਕੁਝ ਲੰਮੀਆਂ ਕਵਿਤਾਵਾਂ ਵਿਚ ਅੰਤਰਮੁਖਤਾ ਦੀ ਸੁਰ ਜ਼ਿਆਦਾ ਭਾਰੂ ਹੈ, ਅਜਿਹੀਆਂ ਕਵਿਤਾਵਾਂ ਵਿਚ ਉਹ ਵਿਸ਼ੇ ਨਾਲ ਨਜਿੱਠਦਾ ਹੋਇਆ ਕੁਝ ਜ਼ਿਆਦਾ ਵਿਸਥਾਰ ਵਿਚ ਪੈ ਜਾਂਦਾ ਹੈ ਜਿਸ ਸਦਕਾ ਉੱਥੇ ਸ਼ਬਦ ਭਾਰੇ ਤੇ ਬੋਝਲ ਲੱਗਦੇ ਹਨ ਤੇ ਵਿਸ਼ੇ ਵਿਚ ਖਿੰਡਾਅ ਆ ਜਾਂਦਾ ਹੈ ਜੋ ਮੈਂ ਇਕ ਪਾਠਕ ਹੋਣ ਦੇ ਨਾਤੇ ਮਹਿਸੂਸ ਕੀਤਾ ਹੈ। ਪਰ ਸਮੁੱਚ ਵਿਚ ਜੇਕਰ ਦੇਖਿਆ ਜਾਵੇ ਤਾਂ ਉਸਦੀ ਕਵਿਤਾ ਮਨੁੱਖੀ ਸ਼ਨਾਖ਼ਤ ਦੇ ਸੰਦਰਭ ਵਿਚ ਪਛਾਣ ਦੇ ਅਸਤਿੱਤਵੀ ਸੰਕਟ ਨਾਲ ਆਪਣਾ ਸੰਵਾਦ ਸਿਰਜਦੀ ਹੋਈ ਪਛਾਣ ਨੂੰ ਨਵੇਂ ਜਾਵੀਏ ਤੋਂ ਦੇਖਣ ਦਾ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਰਣਧੀਰ, ਖ਼ਤ ... ਜੋ ਲਿਖਣੋਂ ਰਹਿ ਗਏ, ਔੱਟਮ ਆਰਟ, ਪਟਿਆਲਾ, 2024, ਪੰਨਾ-80
2. ਉਹੀ, ਪੰਨੇ, 11-12
3. ਉਹੀ, ਪੰਨਾ-67
4. ਉਹੀ, ਪੰਨਾ-61
5. ਉਹੀ, ਪੰਨਾ-16
6. ਉਹੀ, ਪੰਨਾ-17

**7.** ਉਹੀ, ਪੰਨੇ, 31-34

**8.** ਉਹੀ, ਪੰਨਾ-15

**9.** ਉਹੀ, ਪੰਨੇ, 45-46

**10.** ਉਹੀ, ਪੰਨਾ- 49

**11.** ਉਹੀ, ਪੰਨਾ- 60

**12.** ਉਹੀ, ਪੰਨਾ-70

**13.** ਉਹੀ, ਪੰਨਾ- 75

**14.** ਉਹੀ, ਪੰਨਾ-78

**15.** ਉਹੀ, ਪੰਨਾ-51

**16.** ਉਹੀ, ਪੰਨਾ-76

**17.** ਉਹੀ, ਪੰਨਾ- 14

**18.** ਉਹੀ, ਪੰਨੇ, 36-37

**19.** ਉਹੀ, ਪੰਨੇ, 56-57

**20.** ਉਹੀ, ਪੰਨਾ-114

**21.** ਉਹੀ, ਪੰਨਾ-67

**22.** ਉਹੀ, ਪੰਨਾ-66